# ਜਾਣਕਾਰੀ
# ਦਾ ਦਸਤਾਵੇਜ

Ontario

ਮਨਿਸਟਰੀ ਆਫ਼
ਦ ਐਟਰਨੀ ਜਨਰਲ

ਮਨਿਸਟਰੀ ਆਫ਼ ਕਮਿਊਨਿਟੀ
ਸੇਫਟੀ ਐਂਡ ਕੁਰੈਕਸ਼ਨਲ
ਸਰਵਿਸਿਜ਼

ਤੁਰੰਤ ਜਾਰੀ ਕੀਤੇ ਜਾਣ ਲਈ
8 ਦਸੰਬਰ, 2006

## ਹੇਟ ਕ੍ਰਾਈਮਜ਼ ਕਮਿਊਨਿਟੀ ਵਰਕਿੰਗ ਗਰੁੱਪ ਦੀ ਰਿਪੋਰਟ

ਹੇਟ ਕ੍ਰਾਈਮਜ਼ ਕਮਿਊਨਿਟੀ ਵਰਕਿੰਗ ਗਰੁੱਪ ਨੂੰ ਐਟਰਨੀ-ਜਨਰਲ ਮਾਈਕਲ ਬ੍ਰਾਇੰਟ ਅਤੇ ਮਨਿਸਟਰ ਆਫ਼ ਕਮਿਊਨਿਟੀ ਸੇਫਟੀ ਐਂਡ ਕੁਰੈਕਸ਼ਨਲ ਸਰਵਿਸਿਜ਼ ਮੌਂਟੇ ਕਵਿੰਟਰ ਨੇ ਦਸੰਬਰ 2005 ਵਿੱਚ ਨਿਯੁਕਤ ਕੀਤਾ ਸੀ। ਗੁਰੱਪ ਦੀ ਜ਼ਿੰਮੇਵਾਰੀ ਮੰਤਰੀਆਂ ਨੂੰ ਸੂਬੇ ਵਿੱਚ ਨਫ਼ਰਤ ਦੀ ਵਜ੍ਹਾ ਨਾਲ ਹੋਣ ਵਾਲੇ ਜ਼ੁਰਮਾਂ ਦੇ ਹੱਲਾਂ ਬਾਰੇ ਨੀਤੀਆਂ ਅਪਣਾਉਣ ਸੰਬੰਧੀ ਸਲਾਹ ਦੇਣਾ ਸੀ, ਜਿਸ ਵਿੱਚ ਵਿਅਕਤੀਗਤ ਅਤੇ ਸਾਧਾਰਣ ਅਰਥਾਂ ਵਿੱਚ ਕਮਿਊਨਿਟੀ, ਦੋਵਾਂ ਪੱਧਰਾਂ ਤੇ ਨਫ਼ਰਤ ਦੀ ਵਜ੍ਹਾ ਨਾਲ ਹੋਣ ਵਾਲੇ ਜ਼ੁਰਮਾਂ ਦੇ ਸ਼ਿਕਾਰ ਵਿਅਕਤੀਆਂ ਲਈ ਸੇਵਾਵਾਂ ਵਧਾਉਣ, ਅਤੇ ਨਫ਼ਰਤ ਦੀ ਵਜ੍ਹਾ ਨਾਲ ਹੋਣ ਵਾਲੇ ਜ਼ੁਰਮਾਂ ਦੇ ਸ਼ਿਕਾਰ ਵਿਅਕਤੀਆਂ ਦੇ ਉਤਪੀੜਨ ਨੂੰ ਰੋਕਣਾ ਸੀ।

ਇਹ 10 ਮੈਂਬਰਾਂ ਆਪਣੇ ਕੰਮ ਵਿੱਚ ਨਫ਼ਰਤ ਦੀ ਵਜ੍ਹਾ ਨਾਲ ਹੋਣ ਵਾਲੇ ਜ਼ੁਰਮਾਂ ਦੇ ਹੱਲ ਲਈ ਕਈ ਤਰ੍ਹਾਂ ਦੇ ਕਮਿਊਨਿਟੀ ਨਜ਼ਰੀਏ, ਮੁਹਾਰਤ ਅਤੇ ਤਜਰਬੇ ਲੈ ਕੇ ਆਂਦੇ। ਵਰਕਿੰਗ ਗਰੁੱਪ ਨੇ ਪ੍ਰਕਾਸ਼ਿਤ ਕੀਤੀ ਜਾ ਚੁੱਕੀ ਖੋਜ ਦੀ ਪੜਤਾਲ ਕੀਤੀ, ਕਮਿਊਨਿਟੀ ਦੀਆਂ ਖੇਤਰੀ ਮੀਟਿੰਗਾਂ, ਅਤੇ ਮੁੱਦੇ ਤੇ ਧਿਆਨ ਕੇਂਦ੍ਰਿਤ ਰੱਖਣ ਵਾਲੇ ਗਰੁੱਪਾਂ ਦੀਆਂ ਸਭਾਵਾਂ ਕੀਤੀਆਂ, ਨਫ਼ਰਤ ਦੀ ਵਜ੍ਹਾ ਨਾਲ ਹੋਣ ਵਾਲੇ ਜ਼ੁਰਮਾਂ ਬਾਰੇ ਸਰਗਰਮ ਅਦਾਰਿਆਂ ਨੂੰ ਇੱਕ ਇਲੈਕਟ੍ਰਾਨਿਕ ਪ੍ਰਸ਼ਨਾਵਲੀ ਭੇਜੀ, ਅਤੇ ਵਿੱਦਿਅਕ ਮਾਹਿਰਾਂ, ਵਕੀਲਾਂ, ਸਰਕਾਰੀ ਅਫ਼ਸਰਾਂ, ਵਿਕਟਿਮ ਸਰਵਿਸਿਜ਼ ਕਰਮਚਾਰੀਆਂ, ਸਰਕਾਰੀ ਵਕੀਲਾਂ, ਪੁਲਿਸ ਅਤੇ ਅਧਿਆਪਕਾਂ ਨਾਲ ਮੁਲਾਕਾਤਾਂ ਕੀਤੀਆਂ। ਵਰਕਿੰਗ ਗਰੁੱਪ ਨੇ ਪੀੜਤ ਵਿਅਕਤੀਆਂ ਦੇ ਅਨੇਕ ਗਰੁੱਪਾਂ, ਜਿਵੇਂ ਐਬਓਰਿਜਨਲ, ਅਫ਼ਰੀਕਨ-ਕੈਨੇਡੀਅਨ, ਯਹੂਦੀ, ਅਰਬ, ਮੁਸਲਿਮ, ਦੱਖਣੀ ਏਸ਼ੀਆਈ, ਪੂਰਬੀ ਏਸ਼ੀਆਈ, ਸਮਲਿੰਗੀ/ਦੁਲਿੰਗੀ/ਟਰਾਂਸਜੈਂਡਰਡ/ ਅੰਤਰਲਿੰਗੀ ਕਮਿਊਨਿਟੀਆਂ ਦੇ ਨੁਮਾਇੰਦਿਆਂ ਨਾਲ ਮੁਲਾਕਾਤਾਂ ਕੀਤੀਆਂ। ਸਮੁੱਚੇ ਤੌਰ ਤੇ, ਵਰਕਿੰਗ ਗਰੁੱਪ ਨੇ 600 ਤੋਂ ਵੀ ਵਧੇਰੇ ਦਾਅਵੇਦਾਰਾਂ ਅਤੇ ਕਮਿਊਨਿਟੀ ਮੈਂਬਰਾਂ ਦਾ ਪੱਖ ਸੁਣਿਆ।

ਹੇਟ ਕ੍ਰਾਈਮਜ਼ ਕਮਿਊਨਿਟੀ ਵਰਕਿੰਗ ਗਰੁੱਪ ਦੇ ਮੈਂਬਰ

ਚੇਅਰ: ਕੈਰੇਨ ਮੌਕ
ਮੈਂਬਰ ਸਾਹਿਬਾਨ: ਮੇਰੀ ਚੈੱਨ, ਜਰਮੇਨ ਇਲੀਅਟ, ਬਰਨੀ ਫਾਰਬਰ, ਰਾਜਾ ਖ਼ੂਰੀ, ਇਜਾਜ਼ ਕਮਰ, ਉਜ਼ਮਾ ਸ਼ਾਕਿਰ, ਹੌਵਰਡ ਸ਼ੁਲਮਨ, ਐਨ-ਮਰੀ ਸਟੂਅਰਟ, ਜੇਨ ਟੈਲਿਮ।

ਪ੍ਰਸਤਾਵਿਤ ਨੀਤੀ
ਨਫ਼ਰਤ ਨਾਲ ਹੋਣ ਵਾਲੇ ਜ਼ੁਰਮਾਂ ਅਤੇ ਨਫ਼ਰਤ ਦੇ ਵਾਕਿਆਤ ਦੇ ਜਵਾਬ ਵਜੋਂ, ਅਤੇ ਨਫ਼ਰਤ ਦੇ ਸ਼ਿਕਾਰ ਵਿਅਕਤੀਆਂ ਦੀ ਹਿਮਾਇਤ ਵਿੱਚ ਵਰਕਿੰਗ ਗਰੁੱਪ ਨੇ ਪਹਿਲਕਦਮੀ ਵਾਲਾ ਰਾਸਤਾ ਅਖ਼ਤਿਆਰ ਕਰਨ, ਸਮੁੱਚਤਾ, ਨਵੀਨਤਾ, ਅਤੇ ਅਸਰਦਾਇਕਤਾ ਨੂੰ ਉਤਸ਼ਾਹਿਤ ਕਰਨ ਲਈ ਇੱਕ ਨੀਤੀ ਸੁਝਾਈ। ਇਸ ਨੀਤੀ ਦਾ ਮਕਸਦ *ਕ੍ਰਿਮੀਨਲ ਕੋਡ* ਵਿੱਚ ਦੱਸੀਆਂ ਅਵੱਗਿਆਵਾਂ ਤੋਂ ਵੀ ਅੱਗੇ ਤਕ ਜਾਂਦਾ ਹੈ। ਇਹ ਨਾ ਸਿਰਫ਼ ਨਫ਼ਰਤ ਦੀਆਂ ਵਿਅਕਤੀਗਤ ਕਾਰਵਾਈਆਂ ਦਾ ਹੀ, ਸਗੋਂ ਅਜਿਹੇ ਵਤੀਰਿਆਂ, ਪ੍ਰਣਾਲੀਆਂ, ਢਾਂਚਿਆਂ ਅਤੇ ਇੰਤਜ਼ਾਮਾਂ ਦਾ ਹੱਲ ਵੀ ਦੱਸਦਾ ਹੈ ਜਿਹੜੇ ਅਜਿਹੀਆਂ ਕਾਰਵਾਈਆਂ ਨੂੰ ਸੌਖਿਆਂ ਬਣਾਉਣ ਜਾਂ ਇਨ੍ਹਾਂ ਨੂੰ ਮੁਆਫ ਕਰਨ।

ਵਰਕਿੰਗ ਗਰੁੱਪ ਨੇ ਨੀਤੀ ਦੇ ਹਰ ਹਿੱਸੇ ਅਧੀਨ ਆਉਣ ਵਾਲੇ ਨਿਸ਼ਾਨਿਆਂ ਅਤੇ ਮਕਸਦ ਦੇ ਬਿਆਨਾਂ ਨੂੰ ਸ਼ਾਮਲ ਕੀਤਾ, ਅਤੇ ਇਨ੍ਹਾਂ ਨੂੰ ਹਾਸਲ ਕਰਨ ਲਈ ਸਿਫਾਰਸ਼ਾਂ ਵੀ ਕੀਤੀਆਂ। ਨੀਤੀ ਵਿੱਚ ਐਬਉਰਿਜਨਲ ਲੋਕਾਂ ਦੀ ਵਿਲੱਖਣ ਸਥਿਤੀ, ਕਮਿਊਨਿਟੀਆਂ ਦੀ ਭੂਮਿਕਾ, ਪੀੜਤ ਵਿਅਕਤੀਆਂ ਨਾਲ ਵਾਸਤਾ ਰੱਖਣ ਵਾਲੇ ਪੇਸ਼ਾਵਰ ਲੋਕਾਂ ਦੀ ਵਿੱਦਿਆ ਅਤੇ ਸਿਖਲਾਈ, ਪੀੜਤਾਂ ਲਈ ਸੇਵਾਵਾਂ, ਇਨਸਾਫ਼ ਪ੍ਰਣਾਲੀ ਵਿੱਚ ਅੰਦਰੂਨੀ ਪ੍ਰਤੀਕਰਮ ਅਤੇ ਹੱਲ, ਅਤੇ ਜਨਤਕ ਚੇਤਨਾ ਅਤੇ ਸੂਝ ਸਮੇਤ ਨਫ਼ਰਤ ਅਤੇ ਨਫ਼ਰਤ ਦੀ ਵਜ੍ਹਾ ਨਾਲ ਹੋਣ ਵਾਲੇ ਜੁਰਮਾਂ ਨਾਲ ਸੰਬੰਧਤ ਵਿਆਪਕ ਕਿਸਮ ਦੇ ਖੇਤਰ ਸ਼ਾਮਲ ਹਨ।

ਇਸ ਦਸਤਾਵੇਜ ਦਾ 21 ਭਾਸ਼ਾਵਾਂ ਵਿੱਚ ਤਰਜਮਾ ਕੀਤਾ ਜਾਵੇਗਾ ਅਤੇ ਇਹ ਛੇਤੀ ਹੀ www.attorneygeneral.jus.gov.on.ca ਤੇ ਉਪਲਬਧ ਹੋਵੇਗਾ।

ਪੂਰੀ ਰਿਪੋਰਟ ਮਨਿਸਟਰੀ ਦੀ ਵੈੱਬਸਾਈਟ ਤੇ ਅੰਗਰੇਜ਼ੀ ਅਤੇ ਫਰੈਂਚ ਵਿੱਚ www.attorneygeneral.jus.gov.on.ca ਤੇ ਉਪਲਬਧ ਹੈ।

- 30 -

ਸੰਪਰਕ:

ਬ੍ਰੈਂਡਨ ਕ੍ਰਾਅਲੀ
ਮਨਿਸਟਰੀ ਆਫ਼ ਦਾ ਐਟਰਨੀ ਜਨਰਲ
ਕਮਿਊਨੀਕੇਸ਼ਨਜ਼ ਬਰਾਂਚ
*(416) 326-2210*

ਐਂਥਨੀ ਬ੍ਰਾਊਨ
ਮਨਿਸਟਰੀ ਆਫ਼ ਕਮਿਊਨਿਟੀ ਸੇਫਟੀ
ਐਂਡ ਕੁਰੈਕਸ਼ਨਲ ਸਰਵਿਸਿਜ਼
ਕਮਿਊਨੀਕੇਸ਼ਨਜ਼ ਬਰਾਂਚ
*(416) 314-7772*

*Disponible en français*

www.attorneygeneral.jus.gov.on.ca